# ਗੁਰਸ਼ਰਨ ਤਾਂ ਗੁਰਸ਼ਰਨ ਹੈ

## *ਕਮਲੇਸ਼ ਉੱਪਲ*

ਆਪਣੀ ਮੁੱਢਲੀ ਜ਼ਿੰਦਗੀ ਦੇ ਦੋ ਨਾਟਕੀ ਅਨੁਭਵ ਮੇਰੇ ਚੇਤੇ ਦੇ ਤਖ਼ਤੇ ਉਤੇ ਗੂੜੇ ਉਕਰੇ ਹਨ-ਇਕ ਬਠਿੰਡੇ ਦੇ ਜਗਦੀਸ਼ ਫਰਿਆਦੀ ਜੀ ਦਾ ਨਾਟਕ 'ਕਾਲ' ਸੀ ਜਿਸ ਵਿਚ ਮੇਰੇ ਸਵਰਗੀ ਵੱਡੇ ਭਾਈ ਸਾਹਿਬ ਨੇ ਪਾਰਟ ਕੀਤਾ ਸੀ ਤੇ ਦੂਜਾ ਸ. ਗੁਰਸ਼ਰਨ ਸਿੰਘ ਦਾ ਟੈਗੋਰ ਥੀਏਟਰ ਵਿਚ ਵੇਖਿਆ ਨਾਟਕ ਸੀ 'ਕੋਈ ਹਰਿਆ ਬੂਟ ਰਹਿਓ ਰੀ।' ਲਗਭਗ ਸਤਾਈ ਸਾਲ ਪਹਿਲਾਂ ਮੈਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਇਹ ਪੇਸ਼ਕਾਰੀ ਵੇਖੀ ਸੀ। ਉਸ ਤੋਂ ਬਾਦ ਕਈ ਮੌਕੇ ਆਏ ਜਦੋਂ ਭਾਅ ਜੀ ਦੀ ਨਾਟਕ ਮੰਡਲੀ ਨੂੰ ਮੰਚ ਉਤੇ ਸਰਗਰਮ ਵੇਖਿਆ। ਇੰਜ ਲਗਦਾ ਰਿਹਾ ਕਿ ਉਹ ਦਰਸ਼ਕਾਂ ਨੂੰ ਉਪਭਾਵੁਕਤਾ ਦੀ ਹੱਦ ਤਕ ਹਿਲਾ ਦਿੰਦੇ ਹਨ ਤੇ ਹਰ ਨਾਟਕ ਦੀ ਸਕਰਿਪਟ ਨੂੰ ਖੱਬੇ ਪੱਖੀ ਵਿਚਾਰਧਾਰਾ ਵੱਲ ਵਹਾ ਲੈਂਦੇ ਹਨ। ਹੌਲੀ ਹੌਲੀ ਸ. ਗੁਰਸ਼ਰਨ ਸਿੰਘ ਬਹੁਤੇ ਨਾਟਕ ਆਪ ਰਚਕੇ ਖਿਡਵਾਉਣ ਲੱਗ ਪਏ। ਹੌਲੀ ਹੌਲੀ ਇਹਨਾਂ ਹਰਭਜਨ ਜੱਬਲ ਅਤੇ ਜਤਿੰਦਰ ਕੌਰ ਵਰਗੇ ਅਭਿਨੈਰਥ ਦੇ ਸ਼ਾਹਸਵਰ ਨਿੱਖੜ ਗਏ। ਪਰ ਭਾ ਜੀ ਨੇ ਆਪਣੀ ਰੰਗਮੰਚ ਯਾਤਰਾ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਨਿਰਵਿਘਨ ਤੇ ਨਿਰੰਤਰ ਜਾਰੀ ਰੱਖੀ ਹੈ।

ਨਾਟਕ ਕਲਾ ਵਿਭਾਗ ਨਾਲ ਜੁੜਨ ਮਗਰੋਂ ਮੈਨੂੰ ਸ. ਗੁਰਸ਼ਰਨ ਸਿੰਘ ਦੀ ਨਾਟ ਘਾਲਣਾ ਬਾਰੇ ਕਈ ਤਰ੍ਹਾਂ ਦੇ ਵਿਚਾਰ ਸੁਣਨ ਨੂੰ ਮਿਲਦੇ ਰਹੇ। ਇਹਨਾਂ ਦਾ ਕੰਮ ਹੋਰ ਨੇੜਿਉਂ ਵੇਖਣ ਦੇ ਅਵਸਰ ਮਿਲੇ। ਇਹਨਾਂ ਨੂੰ ਸੰਗੀਤ ਨਾਟਕ ਅਕਾਦਮੀ ਦੀ ਪ੍ਰਧਾਨਗੀ ਪ੍ਰਾਪਤ ਹੋਈ ਤਾਂ ਲੱਗਾ ਕਿ ਬਹੁਤ ਵਿਰਲੀਆਂ-ਟਾਵੀਆਂ ਹੋਣ ਵਾਲੀਆਂ ਉਚਿਤ ਗੱਲਾਂ ਵਿਚੋਂ ਕੋਈ ਗੱਲ ਮੇਰੇ ਖਿੱਤੇ ਵਿਚ ਵੀ ਵਾਪਰੀ ਹੈ। ਜ਼ਿੰਦਗੀ 'ਚ ਬਹੁਤ ਸਾਰੇ ਪਰਫਾਰਮਰ-ਕਲਾਕਾਰਾਂ ਨਾਲ ਵਾਹ ਪਿਆ ਹੈ। ਇਕ ਨਿਸ਼ਕਰਸ਼ ਜੋ ਮੈਂ ਕਲਾਕਾਰਾਂ ਬਾਰੇ ਕੱਢਣ ਲਈ ਮਜ਼ਬੂਰ ਹੋਈ ਹਾਂ ਉਹ ਇਹ ਹੈ ਕਿ ਕਲਾਕਾਰ ਆਮ ਇਨਸਾਨਾਂ ਨਾਲੋਂ ਹੌਲੇ ਦਿਮਾਗ ਦੇ ਹੁੰਦੇ ਹਨ ; ਦਿਲਾਂ ਦੀਆਂ ਉਮੰਗਾਂ ਦੀਆਂ ਵੱਧ ਮੰਨਣ ਤੇ ਸੁਣਨ ਵਾਲੇ ਅਤੇ ਤਰਕ ਵਾਲੇ ਪਾਸੇ ਵੱਲ ਘੱਟ ਤੁਰਨ ਵਾਲੇ। ਅਕਸਰ ਕਲਾ ਦੇ ਖੇਤਰ ਵਿਚ ਥੋੜ੍ਹੀ ਜਿਹੀ ਮਾਰੀ ਹੋਈ ਮੱਲ ਕਲਾਕਾਰਾਂ ਦੇ ਜ਼ਿਹਨ 'ਤੇ ਅਜਿਹਾ ਅਸਰ ਛੱਡ ਜਾਂਦੀ ਹੈ ਕਿ ਫਿਰ ਉਹ ਨਾ ਘਰ ਰਹਿੰਦੇ ਹਨ ਨਾ ਘਾਟ ਦੇ। ਪਰ ਭਾ ਜੀ ਪ੍ਰਤੀਬੱਧ ਕਲਾਕਾਰਾਂ ਦੀ ਕਰਮਸ਼ੀਲਤਾ ਨੂੰ ਨਿਰੰਤਰ ਮੇਲਦਿਆਂ ਵੇਖਿਆ ਹੈ। ਆਪਣੇ ਹਰ ਨਾਟਕ ਦੇ ਅੰਤ ਵਿਚ ਲੋਕ ਚੇਤਨਾ

ਹੈ। ਟੂੰਬਣ ਵਾਲਾ ਗੁਰਸ਼ਰਨ ਸਿੰਘ ਜਦੋਂ ਵਿਸ਼ੇਸ਼ ਪੈਗੰਬਰੀ ਅੰਦਾਜ਼ ਵਿਚ ਅਜੋਕੇ ਨਿੱਘਰ ਰਹੇ ਸਮਾਜ ਦੇ ਸੂਤਰਧਾਰਾਂ ਨੂੰ ਵੰਗਾਰਦਾ ਹੁੰਦਾ ਹੈ ਤਾਂ ਇਕ ਸ਼ਾਨਦਾਰ ਕਲਾਤਮਿਕ ਭੁਲਾਵਾ ਸਿਰਜਿਆ ਜਾਂਦਾ ਹੈ, ਜਿਸਨੂੰ ਵੇਖਕੇ ਹਰ ਦਰਸ਼ਕ ਦੇ ਸੀਨੇ ਵਿਚ ਸੁੱਤੀ ਸੁਹਿਰਦਤਾ ਆਪ ਮੁਹਾਰੇ ਕੁਝ ਕਰਨ ਲਈ ਕਲਵਲ ਹੋ ਉੱਠਦੀ ਹੈ। ਅਜੇ ਪਿਛਲੇ ਹੀ ਦਿਨਾਂ ਦੀ ਗੱਲ ਹੈ। ਅਸੀਂ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਵਿਚ ਨਾਟਕਕਾਰ ਨੰਦਾ ਦੀ ਸਿਮਰਤੀ ਵਿਚ ਨਾਟਕ ਮੇਲਾ ਕਰਵਾਇਆ ਸੀ। ਇਸ ਮੇਲੇ ਦੌਰਾਨ ਪ੍ਰਸਤੁਤ ਕੀਤੇ ਨਾਟਕਾਂ ਦੇ ਅੰਤ ਵਿਚ ਭਾ ਜੀ ਨੇ ਆਪਣੇ ਰਵਾਇਤ ਅਨੁਸਾਰ ਨਾਟਕ ਵਾਲਾ 'ਭਰਤਵਾਕ' ਕਹਿਣ ਲਈ ਜਦੋਂ ਹੱਥ ਉਤਾਂਹ ਚੁੱਕਿਆ ਤਾਂ ਸਟੇਜ ਲਾਈਟ ਦੇ ਫੇਡ ਆਊਟ ਵਿਚੋਂ ਦੀ ਤਸਵੀਰ ਵੇਖਣ ਵਾਲੀ ਸੀ-ਹੱਥ ਉਤਾਂਹ ਚੁੱਕੀ, ਵੱਧਦੀ ਉਮਰ ਨਾਲ ਝੁਕੀ ਹੋਈ ਕਮਰ ਰੰਗਮੰਚੀ ਅਨੁਭਵ ਨਾਲ ਪਰਿਪੱਕ ਤੇ ਚਿਹਰੇ ਉਤੇ ਜਜ਼ਬੇ ਦੀ ਸ਼ਿੱਦਤ ਦੇ ਨੂਰ ਵਾਲੀ ਇਹ ਤਸਵੀਰ ਵੇਖ ਕੇ ਸੁਹਿਰਦਤਾ ਸਤਿਕਾਰ ਨਾਲ ਨਿਉਂ ਗਈ ਤੇ ਮੈਂ ਸੋਚਣ ਲੱਗੀ ਕਿ ਲੋਕਾਈ ਨੂੰ ਇੰਝ ਲਲਕਾਰਣ ਵਾਲੇ ਥੀਏਟਰ ਦਾ ਇਤਿਹਾਸ ਏਨੀ ਸ਼ਿੱਦਤ ਨਾਲ, ਅਜਿਹੇ ਨਿਵੇਕਲੇ ਅੰਦਾਜ਼ ਵਿਚ ਕਿੰਨੇ ਕੁ ਸਿਰਜ ਸਕਣਗੇ।

ਇਕ ਹੋਰ ਅਨੁਭਵ ਜੋ ਭਾਅ ਜੀ ਨਾਲ ਵਰਤਦਿਆਂ ਪ੍ਰਾਪਤ ਹੋਇਆ ਹੈ, ਉਹ ਹੈ ਇਹਨਾਂ ਦੀ ਮਾਇਆ ਪ੍ਰਤੀ ਉਦਾਸੀਨਤਾ। ਇਹਨਾਂ ਨੇ ਸਾਡੇ ਨਾਟਕ ਮੇਲੇ ਵਿਚ ਪੇਸ਼ ਕੀਤੀ ਗਈ ਰਕਮ ਦੇ ਇਵਜ਼ ਵਿਚ ਇਕ ਦੀ ਥਾਂ ਦੋ ਨਾਟਕ ਖੇਡ ਵਿਖਾਏ। ਜਦੋਂ ਰਕਮ ਦੀ ਅਦਾਇਗੀ ਕੀਤੀ ਜਾ ਰਹੀ ਸੀ ਤਾਂ ਮੈਨੂੰ ਕਹਿਣ ਲੱਗੇ, "ਵੇਖੋ, ਜੇ ਪੈਸਿਆਂ ਵੱਲੋਂ ਕੋਈ ਔਖ ਹੈ ਤਾਂ ਤੁਸੀਂ ਥੋੜ੍ਹੇ ਹੀ ਦੇ ਦਿਓ ਭਾਵੇਂ।" ਮੇਰੀ ਸੁਹਿਰਦਤਾ ਇਹ ਸੁਣ ਕੇ ਨਿਉਂਕੇ ਇਕ ਵਾਰੀ ਫਿਰ ਭਾਅ ਜੀ ਦੀ ਕਾਇਲ ਹੋਈ। ਅਜਿਹੇ ਪ੍ਰਤੀਬੱਧ ਤੇ ਨਿਸ਼ਠਾਵਾਨ ਕਾਮੇ ਅਤੇ ਕਲਾਕਾਰ ਲਈ ਆਪ ਮੁਹਾਰੇ ਦਿਲੋਂ ਇਹ ਦੁਆ ਨਿਕਲਦੀ ਹੈ ਕਿ ਅਜਿਹੇ ਹਉਮੈਂ-ਤਿਆਗੀ ਨਾਟਕਕਾਰ ਤੇ ਨਾਟਕਰਮੀ ਦੀ ਅਗਵਾਈ ਪੰਜਾਬੀ ਥੀਏਟਰ ਦੇ ਦਰਸ਼ਕਾਂ ਤੇ ਕਲਾਕਾਰਾਂ ਨੂੰ ਲੰਮੇ ਲਮੇਰੇ ਸਮੇਂ ਤਕ ਮਿਲਦੀ ਰਹੇ।

ਪੰਜਾਬੀ ਥੀਏਟਰ ਦੀ ਦਰਸ਼ਕ ਵਜੋਂ ਮੈਂ ਅਜੋਕੇ ਸਮੇਂ ਦਾ ਗਰੀਬ ਥੀਏਟਰ ਵੀ ਵੇਖਿਆ ਹੈ, ਅਭਿਨੇਤਾ ਕੇਂਦ੍ਰਿਤ ਥੀਏਟਰ ਵੀ ਵੇਖਿਆ ਹੈ ਤੇ ਲੋਕ ਰੰਗ ਵਾਲਾ ਥੀਏਟਰ ਵੀ। ਪਰ ਪੰਜਾਬੀ ਲੋਕ ਵਿਰਸੇ ਦੇ ਅੰਦਾਜ਼ ਵਾਲੀ ਮੱਚੀ ਖੇਡ ਦੌਰਾਨ ਅਦਾਕਾਰਾਂ ਕੋਲੋਂ ਭੰਡ ਮਰਾਸੀਆਂ ਵਾਂਗ ਗੱਲ ਅਖਵਾਉਣ ਦੀ ਜੋ ਮੁਹਾਰਾਤ ਅੰਮ੍ਰਿਤਸਰ ਕਲਾ ਕੇਂਦਰ ਦੇ ਕਲਾਕਾਰਾਂ ਨੂੰ ਹਾਸਲ ਹੈ ਉਹ ਆਪਣੇ ਆਪ ਵਿਚ ਇਕ ਵੱਖਰਾ ਸਟਾਇਲ ਹੈ ਤੇ ਨਵੇਕਲਾ ਅੰਦਾਜ਼। ਕੜਕਦੀਆਂ ਉੱਚੀਆਂ ਅਵਾਜ਼ਾਂ ਵਿਚ ਬੋਲਦੇ ਇਹ ਬੇਬਾਕ ਕਲਾਕਾਰ ਦਰਸ਼ਕਾਂ ਨੂੰ ਪ੍ਰਦਾਨ ਕੀਤੇ ਤਤਕਾਲਿਨ ਅਨੁਭਵ ਰਾਹੀਂ ਦਰਸ਼ਕਾਂ ਨਾਲ ਜੋ ਸਾਂਝ ਬਣਾਉਂਦੇ ਹਨ, ਉਹੋ ਜਿਹਾ ਰਾਬਤਾ ਕਦੇ ਸਾਡੇ ਬੜੇ ਸ਼ਾਇਸਤਾ, ਵਿਦਵਾਨ ਅਤੇ ਵਿਭਾਗੀ ਸਿਖਲਾਈਆਂ ਪ੍ਰਾਪਤ ਅਦਾਕਾਰਾਂ ਦੇ ਵੱਸ ਦਾ ਨਹੀਂ ਹੋ ਸਕਿਆ।

ਇਕ ਆਖਰੀ ਗੱਲ ਮੈਂ ਸ. ਗੁਰਸ਼ਰਨ ਸਿੰਘ ਦੀ ਪ੍ਰਤੀਬੱਧਤਾ ਬਾਰੇ ਜ਼ਰੂਰ ਕਹਿਣਾ

ਚਾਹਾਂਗੀ। ਇਹਨਾਂ ਅੰਦਰ ਦੱਬੇ ਕੁਚਲੇ ਸਮਾਜਿਕ ਵਰਗ ਦੇ ਹੱਕ ਵਿਚ ਅਵਾਜ਼ ਉਠਾਉਣ ਦੀ ਸਿੱਦਤ ਨਾਟਕਕਰਮ ਪ੍ਰਤੀ ਲਗਨ ਨਾਲੋਂ ਵੱਧ ਹੈ। ਨਾਟਕ ਖੇਡਦਿਆਂ ਵੀ ਤੇ ਖੇਡੇ ਜਾਂਦੇ ਨਾਟਕ ਵੇਖਦਿਆਂ ਵੀ ਇਹਨਾਂ ਨੇ ਸਮਾਜਿਕ ਮਨੋਰਥ ਨੂੰ ਹਮੇਸ਼ਾਂ ਅੱਗੇ ਰਖਿਆ ਹੈ। ਕੁਝ ਅਰਸਾ ਪਹਿਲਾਂ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਦੇ ਵਿਦਿਆਰਥੀਆਂ ਨੇ ਨਾਟਕ 'ਚਲਿੱਤਰਾ ਹੱਥੀਂ', ਇਕ ਵਿਦੇਸ਼ੀ ਨਾਟਕ, ਸੰਗੀਤ ਨਾਟਕ ਅਕਾਦਮੀ ਦੇ ਵਿਹੜੇ ਵਿਚ ਪ੍ਰਸਤੁਤ ਕੀਤਾ ਸੀ। ਇਹ ਨਾਟਕ ਥੀਏਟਰ ਦੇ ਇਤਿਹਾਸ ਵਿਚੋਂ ਇਕ ਖਾਸ ਸ਼ੈਲੀ ਵਿਚ ਸੀ ਅਤੇ ਹਾਸਰਸੀ ਨਾਟਕ ਸੀ। ਇਸ ਨਾਟਕ ਵਿਚੋਂ ਸਮਾਜਿਕ ਮਹੱਤਵ ਦੀ ਘਾਟ ਦੀ ਤਤਕਾਲੀਨ ਆਲੋਚਨਾ ਸ. ਗੁਰਸ਼ਰਨ ਸਿੰਘ ਨੇ ਜ਼ੋਰਦਾਰ ਸ਼ਬਦਾਂ ਵਿਚ ਸ਼ੁਰੂ ਕਰ ਦਿੱਤੀ ਅਤੇ ਮਾਮਲਾ ਹਾਸੇ ਵਿਚ ਮੜ੍ਹਾਸੇ ਵਾਲਾ ਹੋ ਗਿਆ। ਪਰ ਉਸ ਸਮੇਂ ਦੀ ਆਪਣੀ ਇਕ ਦਿਲੀ ਭਾਵਨਾ ਮੈਂ ਤੁਹਾਨੂੰ ਦੱਸਦੀ ਹਾਂ। ਨਾਟਕ ਖ਼ਤਮ ਹੁੰਦਿਆਂ ਹੀ ਸ. ਗੁਰਸ਼ਰਨ ਸਿੰਘ ਨੇ ਮੰਚ ਉਤੇ ਚੜ੍ਹ ਕੇ ਆਪਣੇ ਜ਼ੋਸ਼ੀਲੇ ਅੰਦਾਜ਼ ਵਿਚ ਨਾਟਕ ਲੈ ਕੇ ਆਉਣ ਵਾਲਿਆਂ ਨੂੰ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸੀ, ਜਦੋਂ ਰੱਜ ਕੇ ਫਿਟਕਾਰ ਪਾਈ ਤਾਂ ਮੈਨੂੰ ਬੁਰਾ ਨਹੀਂ ਸੀ ਲੱਗਿਆ। ਭਾਅ ਜੀ ਦਾ ਗੁੱਸਾ ਵਧਦਾ ਤੇ ਹੋਰ ਵੱਧਦਾ ਕਈ ਨਾਟਕੀ ਵਿਸਥਾਰਾਂ ਨੂੰ ਮਾਤ ਪਾ ਗਿਆ ਸੀ। ਫੇਰ ਮੇਰਾ ਦਿਲ ਇਹਨਾਂ ਦੀ ਪ੍ਰਤੀਬੱਧਤਾ ਦੀ ਦਾਦ ਦੇ ਰਿਹਾ ਸੀ ਕਿ ਦੇਖੋ ਗੁਰਸ਼ਰਨ ਸਿੰਘ ਨਾਟਕ ਅਕਾਦਮੀ ਦਾ ਪ੍ਰਧਾਨ ਜਾਂ ਹੋਰ ਕੁਝ ਵੀ ਬਾਦ ਵਿਚ ਹੈ, ਪਹਿਲਾਂ ਉਹ ਸਮਾਜ ਦੀ ਬਿਹਤਰੀ ਦਾ ਕਾਇਲ ਹੈ। ਪ੍ਰਧਾਨਗੀਆਂ ਭਾਵੇਂ ਉਸ ਨੂੰ ਜਿੰਨੀਆਂ ਵੀ ਸੌਂਪ ਦਿਓ ਅਤੇ ਉਹ ਸਭ ਤੋਂ ਵਧ ਕੇ ਥੀਏਟਰ ਦੀ ਸਮਾਜਿਕ ਵਚਨਬੱਧਤਾ ਦਾ ਝੰਡਾ ਬਰਦਾਰ ਰਹੇਗਾ। ਵਰਨਾ ਰਵਾਇਤ ਅਨੁਸਾਰ ਅਦਾਰੇ ਦੇ ਪ੍ਰਧਾਨ ਨੇ ਆਏ ਦਰਸ਼ਕਾਂ ਦਾ ਸੁਆਗਤ ਕਰਕੇ ਕਹਿ ਦੇਣਾ ਸੀ ਵੇਖੋ ਤੁਹਾਨੂੰ ਅੱਜ ਅਸੀਂ ਥੀਏਟਰ ਸਿਖਲਾਈ ਦੇ ਮਾਹਿਰਾਂ ਦਾ ਨਾਟਕ ਵਿਖਾਇਆ ਹੈ। ਪਰ ਗੁਰਸ਼ਰਨ ਤਾਂ ਗੁਰਸ਼ਰਨ ਹੈ। ਪਲ ਪਲ ਬਦਲ ਰਹੀਆਂ ਵਫ਼ਾਦਾਰੀਆਂ ਅਤੇ ਰਾਜਭਗਤੀਆਂ ਦੇ ਦੌਰ ਵਿਚ ਉਸ ਦੀ ਸੋਸ਼ਲ ਕਮਿਨਮੈਂਟ ਚੱਟਾਨ ਵਰਗੀ ਕਾਇਮ ਹੈ।